ਸੇਵਾ ਵਿਖੇ

ਰਜਿਸਟਰਾਰ,

ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ

ਪੱਤਰ ਨੰਬਰ !97 ਮਿਤੀ ! 11-01-2021

ਵਿਸ਼ਾ- ਦੀ ਲਾਲੋ ਵਾਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟੇਡ ਦੀ ਖਾਲੀ ਪਈ ਅਸਾਮੀ ਨੂੰ ਭਰਨ ਦੇ ਸੰਬਧ ਵਿੱਚ ਕੀਤੀ ਜਾਣ ਵਾਲੀ ਇੰਟਰਵਿਊ ਦਾ ਨੋਟਿਸ ਸਹਿਕਾਰੀ ਸਭਾਵਾਂ ਦੇ ਪੋਰਟਲ ਤੇ ਅਪਲੋਡ ਕਰਵਾਉਣ ਸੰਬਧੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਦੀ ਲਾਲੋ ਵਾਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟੇਡ ਦੀ ਖਾਲੀ ਪਈ ਸੇਲਜਮੈਨ ਦੀ ਆਸਾਮੀ ਨੂੰ ਭਰਨ ਦੀ ਪ੍ਰਵਾਨਗੀ ਮਾਣਯੋਗ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ,ਫਿਰੋਜਪੁਰ ਜੀ ਦੇ ਪੱਤਰ ਨੰਬਰ.ਮੀਮੋ ਨੰਬਰ JRF/2323 ਮਿਤੀ 23/07/2020 ਰਾਹੀ ਪ੍ਰਾਪਤ ਹੋਈ ਸੀ। ਇਸ ਸੰਬਧ ਵਿੱਚ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਮਿਤੀ 21/12/2020 ਦੇ ਮਤੇ ਰਾਂਹੀ ਸਬ ਕਮੇਟੀ ਦਾ ਗਠਨ ਕਰ ਲਿਆ ਗਿਆ ਹੈ। ਸਬ ਕਮੇਟੀ ਵਲੋਂ ਇਸ ਅਸਾਮੀ ਨੂੰ ਭਰਨ ਲਈ ਮਿਤੀ 17/01/2021 ਨਿਸ਼ਚਿਤ ਕੀਤੀ ਗਈ ਹੈ। ਸਬ ਕਮੇਟੀ ਵੱਲੋਂ ਇਸ ਅਸਾਮੀ ਨੂੰ ਭਰਨ ਲਈ ਇੰਟਰਵਿਊ ਦੀ ਪ੍ਰਕਿਰਿਆ ਰਾਂਹੀ ਉਮੀਦਵਾਰ ਦੀ ਚੋਣ ਕੀਤੀ ਜਾਣੀ ਹੈ। ਆਪ ਜੀ ਵਲੋਂ ਜਾਰੀ ਪੱਤਰ ਨੰਬਰ ਮੀਮੋ ਨੰ:/ਰ.ਸ.ਸ/ਹ.ਸ-2/ਫੁਟਕਲ/1795-96 ਮਿਤੀ 13.02.2020 ਵਿੱਚ ਜਾਰੀ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਜੀ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸਭਾ ਦੀ ਸਬ ਕਮੇਟੀ ਵਲੋਂ ਭਰਤੀ ਪ੍ਰਕਿਰਿਆ ਲਈ ਮਿਤੀ 17/01/2021 ਨੂੰ ਕੀਤੀ ਜਾਣ ਵਾਲੀ ਇੰਟਰਵਿਊ ਲਈ ਜਨਤਕ ਨੋਟਿਸ ਪ੍ਰਤਾਪ ਕੇਸਰੀ ਅਖਬਾਰ ਵਿੱਚ 02.01.2021 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਹੁਣ ਇਹ ਜਨਤਕ ਨੋਟਿਸ ਸਹਿਕਾਰਤਾ ਵਿਭਾਗ ਦੇ ਪੋਰਟਲ ਤੇ ਅਪਲੋਡ ਕਰਵਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਸਹਾਇਕ ਰਜਿਸਟਰਾਰ

ਸਹਿਕਾਰੀ ਸਭਾਵਾਂ, ਫਾਜਿਲਕਾ

# ਇਸ਼ਤਿਹਾਰ

ਦੀ ਲਾਲੋਵਾਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਵਿੱਚ ਡੀ.ਸੀ. ਵੱਲੋਂ ਨਿਰਧਾਰਿਤ ਰੇਟਾਂ ਤੇ ਸੇਲਜਮੈਨ ਦੀ ਇੱਕ ਅਸਾਮੀ ਭਰੀ ਜਾਣੀ ਹੈ। ਜਿਸ ਲਈ ਉਮੀਦਵਾਰਾਂ ਪਾਸੋਂ ਮਿਤੀ 16.01.2021 ਨੂੰ ਸ਼ਾਮ 5.00 ਵਜੇ ਤੱਕ ਸਾਦੇ ਕਾਗਜ ਤੇ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਇਸ ਅਸਾਮੀ ਲਈ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :

1. ਦਸਵੀਂ ਪੱਧਰ ਤੇ ਪੰਜਾਬੀ ਪਾਸ ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾਂ ਤੋਂ ਗ੍ਰੈਜੂਏਸ਼ਨ ਦੀ ਡਿਗਰੀ।
2. ਸਰਕਾਰ ਪਾਸੋਂ ਮਾਨਤਾ ਪ੍ਰਾਪਤ ISO 9001 ਤਸਦੀਕ ਸ਼ੁਦਾ ਘੱਟੋਂ ਘੱਟ 120 ਘੰਟੇ ਦਾ ਕੰਪਿਊਟਰ ਕੋਰਸ।
3. ਉਮਰ 1-10-18 ਨੂੰ 18 ਤੋ. 37 ਸਾਲ।
4. ਸਿਲੈਕਸ਼ਨ ਕਮੇਟੀ ਵੱਲੋਂ ਇਹ ਇੰਟਰਵਿਊ ਬਿਨਾਂ ਕਾਰਨ ਦੱਸੇ ਮੁਲਤਵੀ ਕੀਤੀ ਜਾ ਸਕਦੀ ਹੈ।

ਇਹ ਅਸਾਮੀ ਮੈਰਿਟ ਦੇ ਅਧਾਰ ਤੇ ਭਰੀ ਜਾਵੇਗੀ। ਕਿਸੇ ਉਮੀਦਵਾਰ ਨੂੰ ਇੰਟਰਵਿਊ ਤੇ ਆਉਣ ਲਈ ਕੋਈ ਖਰਚ (ਟੀ.ਏ.) ਆਦਿ ਨਹੀਂ ਦਿੱਤਾ ਜਾਵੇਗਾ। ਉਮੀਦਵਾਰ ਮਿਤੀ 17-01-2021 ਨੂੰ ਹੇਠ ਲਿਖੇ ਪਤੇ ਤੇ ਸਵੇਰੇ 10.30 ਵਜੇ ਤੱਕ ਆਪਣੇ ਯੋਗਤਾ ਸਰਟੀਫਿਕੇਟ ਸਮੇਤ ਇੰਟਰਵਿਊ ਲਈ ਪਹੁੰਚ ਜਾਣ।

ਸਿਲੈਕਸ਼ਨ ਕਮੇਟੀ
ਦੀ ਲਾਲੋਵਾਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ.
ਡਾਕਖਾਨਾ ਫ਼ਾਜਿਲਕਾ ਤਹਿਸੀਲ ਫਾਜਿਲਕਾ

Scanned with CamScanner